# ਲੋਗੁ ਕਹੈ ਕਬੀਰੁ ਬਉਰਾਨਾ

## ਬਿਲਾਵਲੁ

ਇਹ ਸ਼ਬਦ ਭਗਤ ਕਬੀਰ ਜੀ ਨੇ ਬਿਲਾਵਲ ਰਾਗ ਵਿਚ ਉਚਾਰਣ ਕੀਤਾ ਹੈ ਅਤੇ ਪੰਨਾ ੮੫੫ ਤੇ ਅੰਕਿਤ ਹੈ। ਇਸ ਸ਼ਬਦ ਵਿਚ ਭਗਤ ਜੀ ਨੇ ਦੁਨੀਆਂ ਦੀ ਸਿਆਣਪ ਤੇ ਚਤੁਰਾਈ ਦੀ ਤੁਲਨਾ ਵਿਚ, ਆਪਣਾ, ਪ੍ਰਭੂ ਨਾਲ ਪ੍ਰੇਮ ਤੇ ਉਸ ਪ੍ਰੇਮ ਵਿਚ ਬਉਰਾ, ਦੀਵਾਨਾ ਹੋਣ ਦੀ ਅਵੱਸਥਾ ਦਾ ਖੁਲ ਕੇ ਬਿਆਨ ਕੀਤਾ ਹੈ।

**ਬਿਦਿਆ ਨ ਪਰਉ ਬਾਦੁ ਨਹੀ ਜਾਨਉ॥ ਹਰਿ ਗੁਨ ਕਥਤ ਸੁਨਤ ਬਉਰਾਨੋ॥੧॥**

**ਅਰਥ :** ਭਗਤ ਕਬੀਰ ਜੀ ਇਨ੍ਹਾਂ ਪੰਕਤੀਆਂ ਵਿਚ ਫ਼ੁਰਮਾਣ ਕਰਦੇ ਹਨ ਕਿ ਮੈਂ, ਸ਼ੂਦਰ ਹੋਣ ਕਰਕੇ, ਉਚੀ ਜਾਤ ਵਾਲੇ ਪੰਡਤਾਂ (ਵਿਦਵਾਨਾਂ) ਵਾਂਙ ਵਿਦਿਆ ਨਹੀਂ ਪੜ੍ਹ ਸਕਦਾ ਅਤੇ ਨਾ ਹੀ ਪੜ੍ਹਨਾ ਚਾਹੁੰਦਾ ਹਾਂ। ਨਾਂ ਹੀ ਮੈਨੂੰ ਧਰਮ ਚਰਚਾ ਕਰਨਾ ਪਸੰਦ ਹੈ । ਮੈਂ ਤਾਂ ਇਕੋ ਕੰਮ ਜਾਣਦਾ ਅਤੇ ਕਰਦਾ ਹਾਂ, ਉਹ ਹੈ ਹਰੀ ਪ੍ਰਭੂ ਦੇ ਗੁਣਾਂ ਦਾ ਸਿਮਰਨ ਕਰੀ ਜਾਣਾ। ਇਹੀ ਸਿਮਰਨ ਕਰ ਕਰ ਕੇ, ਮੈਂ ਪ੍ਰਭੂ ਪ੍ਰੇਮ ਵਿਚ ਬਉਰਾ ਹੋਇਆ ਹਾਂ। ਭਾਵ, ਪ੍ਰਭੂ ਦਾ ਪ੍ਰੇਮ ਭਰਿਆ ਸਿਮਰਣ ਹੀ ਹਉਮੈ ਪੈਦਾ ਕਰਨ ਵਾਲੀ ਵਿਦਿਆ ਨਾਲੋਂ ਉਤਮ ਹੈ। ਵਿਦਿਆ ਦਾ ਵੀ ਮਨੁਖ ਨੂੰ ਹੰਕਾਰ ਹੋ ਜਾਂਦਾ ਹੈ ਅਤੇ ਅਜ ਵੀ ਹੈ। ਪਰ ਭਗਤ ਜੀ ਆਪਣੇ ਬਾਰੇ ਸਪੱਸ਼ਟ ਕਰਦੇ ਹਨ ਕਿ ਮੈਂ ਵੀਚਾਰ ਕੀਤਾ ਸੀ ਕਿ ਵਿਦਿਆ ਲੈਣੀ ਚੰਗਾ ਕੰਮ ਹੈ ਪਰ ਇਨ੍ਹਾਂ ਉਚੀ ਜਾਤਿ ਵਾਲਿਆਂ ਦੇ ਹੰਕਾਰ ਨੂੰ ਵੇਖ ਕੇ ਇਹੀ ਫ਼ੈਸਲਾ ਕੀਤਾ ਕਿ ਭਗਤੀ ਕਮਾਈ ਹੀ ਉਤਮ ਹੈ - 'ਕਬੀਰ ਮੈ ਜਾਨਿਓ ਪੜਿਬੋ ਭਲੋ ਪੜਿਬੇ ਸਿਉ ਭਲ ਜੋਗੁ॥', ਪੰਨਾ ੧੩੬੬.

ਨਤੀਜਾ ਸਾਡੇ ਸਾਹਮਣੇ ਹੈ ਕਿ ਅਜ ਭਗਤ ਕਬੀਰ ਜੀ ਦੇ ਨਾਂ ਦੇ ਅਗੇ ਅਨੰਤ ਸਿਰ ਝੁਕਦੇ ਹਨ ਪਰ ਉਨ੍ਹਾਂ ਪੰਡਤਾਂ/ਵਿਦਵਾਨਾਂ ਦਾ ਕੋਈ ਨਾਂ ਵੀ ਨਹੀਂ ਜਾਣਦਾ ਅਤੇ ਨਾ ਕੋਈ ਜਾਣੇਗਾ। ਭਗਤ ਜੀ ਦਾ ਸਭ ਗਿਆਨ, ਉਨ੍ਹਾਂ ਦੇ ਸਿਮਰਨ ਅਤੇ ਪ੍ਰਭੂ ਪ੍ਰੇਮ ਸਦਕਾ ਸੀ। ਇਥੇ, ਭਗਤ ਰਵਿਦਾਸ ਜੀ ਦੀ ਇਹ ਪੰਕਤੀ ਸਹੀ ਦਸ ਰਹੀ ਹੈ ਕਿ ਭਗਤ ਹੀ, ਪੰਡਤ, ਸੂਰਮਾ ਅਤੇ ਛਤਰਪਤੀ ਰਾਜਾ, ਆਦਿ ਨਾਲੋਂ, ਸਭ ਤੋਂ ਵਡਾ ਹੈ, ਭਗਤ ਦੀ ਬਰਾਬਰੀ ਕੋਈ ਨਹੀਂ ਕਰ ਸਕਦਾ - 'ਪੰਡਿਤ ਸੂਰ ਛਤ੍ਰਪਤਿ ਰਾਜਾ ਭਗਤ ਬਰਾਬਰਿ ਅਉਰੁ ਨ ਕੋਇ॥', ਪੰਨਾ ੮੫੮. ਇਤਿਹਾਸ ਗਵਾਹ ਹੈ ਕਿ ਭਗਤ ਦੇ ਅਗੋਂ ਸਭ ਝੁਕਦੇ ਆਏ ਹਨ।

ਸ੍ਰੀ ਗੁਰੂ ਅਰਜਨ ਸਾਹਿਬ, ੭੦੭ ਪੰਨੇ ਤੇ, ਫ਼ੁਰਮਾਣ ਕਰਦੇ ਕਿ ਭਗਤ ਦੇ, ਭਾਵੇਂ ਟੁਟੀ ਝੁਗੀ ਵਿਚ ਰਹਿੰਦਾ ਹੋਵੇ, ਬਸਤਰ ਪਾਟੇ ਹੋਣ, ਨੀਵੀਂ ਜਾਤਿ ਦਾ ਹੋਵੇ, ਕੋਈ ਘਰ ਘਾਟ ਨਾ ਹੋਵੇ, ਆਦਰ ਨਾ ਹੋਵੇ, ਕੋਈ ਮਿਤਰ ਪਿਆਰਾ, ਸਾਕ ਵੀ ਨਾ ਹੋਵੇ, ਰੂਪ ਹੀਣ ਹੋਵੇ ਪਰ ਇਸ ਸਭ ਦੇ ਬਾਵਜੂਦ, ਭਗਤ, ਜੋ ਅੰਦਰੋਂ ਪ੍ਰਭੂ ਦੇ ਨਾਮ ਵਿਚ ਭਿਜਿਆ ਹੋਇਆ ਹੈ, ਉਹ ਹੀ ਸ੍ਰਿਸ਼ਟੀ ਦਾ ਅਸਲ ਰਾਜਾ Sovereign ਹੈ, ਇਹ ਸ੍ਰਿਸ਼ਟੀ ਉਸੇ ਦੇ ਹੁਕਮ ਅੰਦਰ ਚਲਦੀ ਹੈ - 'ਬਸਤਾ ਤੂਟੀ ਝੁੰਪੜੀ ਚੀਰ ਸਭਿ ਛਿੰਨਾ॥ ਜਾਤਿ ਨ ਪਤਿ ਨ ਆਦਰੋ ਉਦਿਆਨ ਭ੍ਰਮਿੰਨਾ॥ ਮਿਤ੍ਰ ਨ ਇਠ ਧਨ ਰੂਪ ਹੀਣ ਕਿਛੁ ਸਾਕੁ ਨ ਸਿੰਨਾ॥ ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮਿ ਮਨੁ ਭਿੰਨਾ॥' ਕਿਉਂਕਿ - 'ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ॥' ਪੰਨਾ ੨੭੩.

**ਮੇਰੇ ਬਾਬਾ ਮੈ ਬਉਰਾ ਸਭ ਖਲਕ ਸੈਆਨੀ ਮੈ ਬਉਰਾ ॥**
**ਮੈ ਬਿਗਰਿਓ ਬਿਗਰੈ ਮਤਿ ਅਉਰਾ ॥੧॥ ਰਹਾਉ ॥**

'ਰਹਾਉ' ਦੀਆਂ ਪੰਕਤੀਆਂ ਨੂੰ ਸਮਝਣ ਤੋਂ ਪਹਿਲਾਂ, ਕੁਝ ਪਿਛੋਕੜ ਜਾਣਨਾ ਜ਼ਰੂਰੀ ਹੈ। ਭਗਤ ਜੀ ਜੁਲਾਹੇ ਸਨ। ਉਨ੍ਹਾਂ ਦੀ ਮਾਤਾ, ਆਪਣੇ ਪੁਤਰ ਕਬੀਰ ਜੀ ਨੂੰ ਵਿਗੜਿਆ ਦਸਦੀ ਸੀ। ਕਿਉਂਕਿ ਕਬੀਰ ਜੀ ਨੇ ਸਿਮਰਣ ਅਤੇ ਸਾਧੂ ਸੰਗਤਿ ਦੇ ਅਨੰਦ ਵਿਚ ਮਸਤ ਹੋ ਕੇ ਤਣਨਾ, ਬੁਣਨਾ ਤਿਆਗ ਦਿਤਾ ਸੀ, ਜਿਸ ਦੀ ਗਵਾਹੀ, ਪੰਜਵੇਂ ਪਾਤਸ਼ਾਹ

ਭਰਦੇ ਹਨ - 'ਬੁਨਨਾ ਤਨਨਾ ਤਿਆਗਿ ਕੈ ਪ੍ਰੀਤਿ ਚਰਨ ਕਬੀਰਾ॥ ਨੀਚ ਕੁਲਾ ਜੋਲਾਹਰਾ ਭਇਓ ਗੁਨੀਯ ਗਹੀਰਾ॥', ਪੰਨਾ ੪੮੮. ਇਸੇ ਕਰਕੇ, ਮਾਂ, ਦੁਖੀ ਹੋ ਕੇ ਆਪਣੀ ਜਿਠਾਣੀ ਤੇ ਦਿਰਾਣੀ ਅਗੇ ਆਪਣਾ ਦੁਖ ਫ਼ੋਲਦੀ ਹੈ ਕਿ ਇਸ ਮੂਰਖ ਜਾਂ ਕਪੁਤਰ ਜਾਂ ਔਤਰੇ ਮੁੰਡੇ ਨੇ, ਜਦੋਂ ਦੀ, 'ਰਾਮ' ਦਾ ਸਿਮਰਣ ਕਰਣ ਲਈ **ਮਾਲਾ ਫ਼ੜੀ** ਹੈ (ਕਈ ਸਿਮਰਨ ਵਿਰੋਧੀ ਅਖਉਤੀ ਵਿਦਵਾਨ ਇਹ ਵੀ ਕਹਿੰਦੇ ਹਨ ਕਿ ਕਬੀਰ ਸਾਹਿਬ, ਮਾਲਾ ਦੇ ਵਿਰੁਧ ਸਨ), ਤਦ ਤੋਂ ਘਰ ਵਿਚੋਂ ਸੁਖ ਜਾਂਦਾ ਰਿਹਾ ਹੈ। ਸਾਡੇ ਕੁਲ ਵਿਚ, ਭਲਾ, ਕਦੇ ਕਿਸੇ ਨੇ ਰਾਮ ਦੇ ਨਾਮ ਦਾ ਰੱਟਾ ਲਗਾਇਆ ਸੀ ! ਇਹ ਨਪੂਤਾ, ਸਾਡੇ ਘਰੇਲੂ ਪਿਤਰਾਂ ਤੇ ਕੁਲਦੇਵਤਾ ਨੂੰ ਤਿਆਗ ਕੇ, ਕਿਸੇ ਸਾਧੂ ਤੋਂ ਸ਼ਬਦ (ਰਾਮ) ਲੈ ਆਇਆ ਹੈ। ਸੂਤ-ਸਾਤ ਕਤਣਾ ਛਡ ਕੇ ਸਾਨੂੰ ਦੁਖੀ ਕਰ ਦਿਤਾ ਹੈ। ਇਸ ਨਾਲੋਂ ਤਾਂ ਇਹ ਮਰ ਹੀ ਕਿਉਂ ਨਹੀਂ ਜਾਂਦਾ - 'ਹਮਾਰੇ ਕੁਲ ਕਉਨੇ ਰਾਮੁ ਕਹਿਓ॥ ਜਬ ਕੀ ਮਾਲਾ ਲਈ ਨਿਪੂਤੇ ਤਬ ਤੇ ਸੁਖੁ ਨ ਭਇਓ॥... ਸੁਨਹੁ ਜਿਠਾਨੀ ਸੁਨਹੁ ਦਿਰਾਨੀ ਅਚਰਜੁ ਏਕੁ ਭਇਓ॥ ਸਾਤ ਸੂਤ ਇਨਿ ਮੁਡੀਂਏ ਖੋਏ ਇਹੁ ਮੁਡੀਆ ਕਿਉ ਨ ਮੁਇਓ॥.... ਘਰ ਕੇ ਦੇਵ ਪਿਤਰ ਕੀ ਛੋਡੀ ਗੁਰ ਕੋ ਸਬਦੁ ਲਇਓ॥...', ਪੰਨਾ ੮੫੬. ਭਗਤ ਜੀ ਇਹ ਵੀ ਦਸਦੇ ਹਨ ਕਿ ਉਨ੍ਹਾਂ ਦੀ ਮਾਤਾ ਡੁਸਕ ਡੁਸਕ ਕੇ ਰੋਂਦੀ ਹੈ ਕਿ (ਭਗਤ) ਕਬੀਰ ਨੇ ਤਾਂ ਆਪਣੀ ਜਾਤਿ ਦਾ ਕਿੱਤਾ ਸੂਤ ਤਣਨਾ ਤੇ ਕਪੜਾ ਬੁਣਨਾ ਸਭ ਤਿਆਗ ਦਿਤੇ ਹਨ, ਸਿਰਫ਼ ਹਰ ਵੇਲੇ ਹਰੀ ਪ੍ਰਭੂ ਦਾ ਨਾਮ ਹੀ ਜਪਦਾ ਰਹਿੰਦਾ ਹੈ ਤਾਂ ਫ਼ਿਰ ਬਚੇ ਕੌਣ ਪਾਲੇਗਾ - 'ਮੁਸਿ ਮੁਸਿ ਰੋਵੈ ਕਬੀਰ ਕੀ ਮਾਈ॥ ਏ ਬਾਰਿਕ ਕੈਸੇ ਜੀਵਹਿ ਰਘੁਰਾਈ॥ ਤਨਨਾ ਬੁਨਨਾ ਸਭੁ ਤਜਿਓ ਹੈ ਕਬੀਰ॥ ਹਰਿ ਕਾ ਨਾਮੁ ਲਿਖਿ ਲੀਓ ਸਰੀਰ॥', ਪੰਨਾ ੫੨੪. ਇਹ ਸਭ ਸੰਤਾਂ ਦੀ ਸੰਗਤਿ ਕਰ ਕੇ ਉਸਦਾ ਪੁਤਰ ਵਿਗੜ ਗਿਆ ਹੈ - 'ਸੰਤਨ ਸੰਗਿ ਕਬੀਰਾ ਬਿਗਰਿਓ॥'

**ਅਰਥ** : ਪਰ ਭਗਤ ਜੀ ਫ਼ੁਰਮਾਣ ਕਰ ਰਹੇ ਹਨ ਕਿ ਹੇ ਮੇਰੇ ਬਾਬਾ ! ਸਾਰੀ ਦੁਨੀਆਂ ਦੇ ਭਾਣੇ ਤਾਂ ਮੈਂ ਸਿਆਣਾ ਨਹੀਂ ਬਲਕਿ ਬਉਰਾ, ਦੀਵਾਨਾ ਹਾਂ। ਬੇਸ਼ਕ ਸਾਰੀ ਖ਼ਲਕ ਸਿਆਣੀ ਬਣੀ ਫ਼ਿਰੇ, ਮੈਂ ਤਾਂ ਬਉਰਾ, ਝੱਲਾ ਹੀ ਠੀਕ ਹਾਂ। ਮੈਨੂੰ ਵਿਗੜਿਆ ਹੋਇਆ ਦਸਿਆ ਜਾ ਰਿਹਾ ਹੈ। ਪਰ ਹੇ ਭਾਈ ਮੇਰੀ ਤੁਹਾਨੂੰ ਸਭ ਨੂੰ ਸਲਾਹ ਹੈ ਕਿ ਕੋਈ ਹੋਰ ਨਾ ਵਿਗੜ ਜਾਇਓ !੧।ਰਹਾਉ। ਇਹ ਇਸ ਲਈ ਕਹਿ ਰਹੇ ਹਨ ਕਿ ਇਸ ਰਸਤੇ ਤੇ ਤੁਰਨ ਲਈ ਦੁਨੀਆਂ ਨਾਲੋਂ ਟੁਟਣਾ ਪੈਂਦਾ ਹੈ, ਜੋ ਜ਼ਰੂਰੀ ਹੈ। ਇਸੇ ਸੰਦਰਭ ਵਿਚ ਭਗਤ ਨਾਮਦੇਵ ਜੀ ਗੁਆਂਢਣ ਨੂੰ ਸਮਝਾਉਂਦੇ ਹਨ ਕਿ ਬੇਢੀ, ਵਾਹਗੁਰੂ ਨੂੰ ਮਿਲਣ ਲਈ ਲੋਕਾਂ, ਕੁਟੰਬ ਨਾਲੋਂ ਟੁਟ ਕੇ ਪ੍ਰਭੂ ਨਾਲ ਪ੍ਰੀਤ ਜੋੜਨੀ ਜ਼ਰੂਰੀ ਹੈ, ਤਾਂ ਹੀ ਉਸ ਨਾਲ ਮਿਲਾਪ ਸੰਭਵ ਹੈ - 'ਬੇਢੀ ਪ੍ਰੀਤਿ ਮਜੂਰੀ ਮਾਂਗੈ ਜਉ ਕੋਊ ਛਾਨਿ ਛਵਾਵੈ ਹੋ॥ ਲੋਗ ਕੁਟੰਬ ਸਭਹੁ ਤੇ ਤੋਰੈ ਤਉ ਆਪਨ ਬੇਢੀ ਆਵੈ ਹੋ॥', ਪੰਨਾ ੬੫੭. ਸ੍ਰੀ ਗੁਰੂ ਰਾਮਦਾਸ ਸਾਹਿਬ ਵੀ ਲੋਕਾਂ ਵਾਲੀ ਸਿਆਣਪ ਅਤੇ ਉਨ੍ਹਾਂ ਦੀ ਵਾਹ-ਵਾਹ ਨੂੰ ਅੱਗ ਵਿਚ ਸਾੜਨ ਨੂੰ ਉਪਦੇਸ਼ ਕਰਦੇ ਹਨ ਕਿ ਅਸੀਂ ਤਾਂ ਆਪਣੇ ਤਨ ਨੂੰ ਪ੍ਰਭੂ ਦੇ ਮਾਰਗ ਤੇ ਝੋਂਕ ਦਿਤਾ ਹੈ, ਹੁਣ ਭਾਵੇਂ ਕੋਈ ਚੰਗਾ ਕਹੇ ਜਾਂ ਮਾੜਾ, ਕੋਈ ਪ੍ਰਵਾਹ ਨਹੀਂ - 'ਲੋਕਨ ਕੀ ਚਤੁਰਾਈ ਉਪਮਾ ਤੇ ਬੈਸੰਤਰਿ ਜਾਰਿ॥ ਕੋਈ ਭਲਾ ਕਹਉ ਭਾਵੈ ਬੁਰਾ ਕਹਉ ਹਮ ਤਨੁ ਦੀਓ ਹੈ ਢਾਰਿ॥', ਪੰਨਾ ੫੨੮.

ਸ੍ਰੀ ਗੁਰੂ ਨਾਨਕ ਸਾਹਿਬ ਨੇ ਵੀ ਆਪਣੇ ਆਪ ਨੂੰ ਅਜਿਹਾ ਹੀ ਹਰੀ ਦਾ, ਸ਼ਾਹ ਦੇ ਪ੍ਰੇਮ ਦਾ ਬਉਰਾ ਦਸਿਆ ਹੈ, ਭਾਵੇਂ ਕਈ ਲੋਕ ਤਾਂ ਉਨ੍ਹਾਂ ਨੂੰ ਵੀ ਭੂਤਨਾ, ਬੇਤਾਲਾ ਹੀ ਕਹੀ ਜਾਂਦੇ ਸਨ - 'ਕੋਈ ਆਖੈ ਭੂਤਨਾ ਕੋ ਕਹੈ ਬੇਤਾਲਾ॥ ਕੋਈ ਆਖੈ ਆਦਮੀ ਨਾਨਕੁ ਵੇਚਾਰਾ॥ ਭਇਆ ਦਿਵਾਨਾ ਸਾਹ ਕਾ ਨਾਨਕੁ ਬਉਰਾਨਾ॥ ਹਉ ਹਰਿ ਬਿਨੁ ਅਵਰੁ ਨ ਜਾਨਾ॥', ਪੰਨਾ ੯੯੧. ਸ੍ਰੀ ਗੁਰੂ ਰਾਮਦਾਸ ਸਾਹਿਬ ਨੇ ਵੀ ਆਪਣੇ ਆਪ ਨੂੰ ਹਰੀ ਦੇ ਦਰਸ਼ਨਾਂ ਦਾ ਦੀਵਾਨਾ ਕਿਹਾ ਹੈ - 'ਨਾਨਕੁ ਵਿਚਾਰਾ ਭਇਆ ਦਿਵਾਨਾ ਹਰਿ ਤਉ ਦਰਸਨ ਕੈ ਤਾਈ॥', ਪੰਨਾ ੭੫੭.

**ਆਪਿ ਨ ਬਉਰਾ ਰਾਮ ਕੀਓ ਬਉਰਾ ॥ ਸਤਿਗੁਰੁ ਜਾਰਿ ਗਇਓ ਭ੍ਰਮੁ ਮੋਰਾ ॥੨॥**

**ਅਰਥ :** ਕਬੀਰ ਸਾਹਿਬ ਦਸਦੇ ਹਨ ਕਿ ਉਹ ਆਪੇ ਬਉਰੇ ਨਹੀਂ ਹੋਏ, ਉਨ੍ਹਾਂ ਨੂੰ ਤਾਂ ਰਾਮ, ਪ੍ਰਭੂ ਨੇ ਆਪ ਹੀ ਆਪਣੇ ਪ੍ਰੇਮ ਵਿਚ ਬਉਰਾ ਕਰ ਦਿਤਾ ਹੈ, ਭਾਵ, ਦੁਨੀਆਂ ਦਾ ਮੋਹ ਬਿਲਕੁਲ ਹੀ ਛਡਾਅ ਦਿਤਾ ਹੈ। ਮੇਰੇ ਸਚੇ ਗੁਰੂ ਨੇ ਮੇਰਾ, ਜਗਤ ਦੇ ਸਦੀਵੀ ਹੋਣ, ਆਦਿ ਦਾ ਭਰਮ ਸਾੜ ਕੇ ਸੁਆਹ ਕਰ ਦਿਤਾ ਹੈ।੨।

ਆਪਣੇ ਹੀ ਇਕ ਹੋਰ ਅਜਿਹੇ ਸ਼ਬਦ ਵਿਚ ਭਗਤ ਜੀ ਆਪਣੇ ਬਉਰਾ ਹੋਣ ਦੀ ਅਸਲੀਅਤ ਦਸਦੇ ਹਨ ਕਿ ਲੋਕਾਂ ਨੂੰ ਮੇਰੇ ਦਿਲ ਦੇ ਮਰਮ ਦਾ ਕੀ ਪਤਾ ! ਜੇ ਉਨ੍ਹਾਂ ਦੇ ਭਾਅ ਦਾ ਮੈਂ ਕਮਲਾ ਹਾਂ ਤਾਂ ਅਸਲੀਅਤ ਤਾਂ ਇਹ ਹੈ ਕਿ ਹੇ ਰਾਮ ! ਮੈਂ ਤਾਂ ਤੇਰੇ ਪ੍ਰੇਮ ਵਿਚ ਬਉਰਾ ਹਾਂ। ਲੋਕ ਭਾਵੇਂ ਮੈਨੂੰ ਬਉਰਾ ਕਹੀ ਜਾਣ, ਮੇਰੇ ਅੰਦਰ ਦੀ **ਬਿਰਹਾ ਦੀ ਸਲ੍ਹ** ਤਾਂ ਮੇਰਾ ਰਾਮ ਹੀ ਪਛਾਣਦਾ ਹੈ – 'ਜਉ ਹਉ ਬਉਰਾ ਤਉ ਰਾਮ ਤੋਰਾ॥ ਲੋਗੁ ਮਰਮੁ ਕਹ ਜਾਨੈ ਮੋਰਾ॥... ਲੋਗੁ ਕਹੈ ਕਬੀਰੁ ਬਉਰਾਨਾ॥ ਕਬੀਰ ਕਾ ਮਰਮੁ ਰਾਮ ਪਹਿਚਾਨਾਂ॥', ਪੰਨਾ ੧੧੫੮. ਇਥੇ ਨਾਲ ਹੀ ਭਗਤ ਜੀ ਭਗਤੀ ਕਰਨ ਦਾ ਸਹੀ ਮਾਰਗ ਵੀ ਦਰਸਾਉਂਦੇ ਹਨ। ਲੋਕ ਫੁਲ ਪਤੀਆਂ ਤੋੜ ਕੇ ਪੂਜਾ ਆਦਿ ਕਰਦੇ ਹਨ ਪਰ ਭਗਤ ਜੀ ਦੇ ਬਚਨ ਹਨ ਕਿ ਉਹ ਆਪਣੇ ਇਸ਼ਟ ਨੂੰ ਫੁਲ ਪਤੀਆਂ ਆਦਿ ਅਰਪਣ ਨਹੀਂ ਕਰਦੇ, ਸਗੋਂ ਰਾਮ ਪ੍ਰਭੂ ਦੇ ਨਿਰੋਲ ਸਿਮਰਨ ਤੋਂ ਬਿਨਾਂ ਸਭ ਤਰ੍ਹਾਂ ਦੀ ਪੂਜਾ, ਸੇਵਾ ਆਦਿ ਵਿਅਰਥ ਹਨ – 'ਤੋਰਉ ਨ ਪਾਤੀ ਪੂਜਉ ਨ ਦੇਵਾ॥ ਰਾਮ ਭਗਤਿ ਬਿਨੁ ਨਿਹਫਲ ਸੇਵਾ॥'

ਇਸੇ ਬਿਰਹਾ ਦੀ ਸਲ੍ਹ ਨੂੰ ਦਸਦੇ ਹੋਏ ਇਕ ਹੋਰ ਥਾਂ, ਭਗਤ ਜੀ ਦਸਦੇ ਹਨ ਕਿ ਪ੍ਰੇਮ ਬਿਰਹਾ ਦਾ ਸੱਪ ਜਦੋਂ ਹਿਰਦੇ ਤੇ ਲੋਟਦਾ ਹੈ ਤਾਂ ਇਹ ਕਿਸੇ ਮੰਤਰ ਆਦਿ ਦੇ ਵੱਸ ਵਿਚ ਨਹੀਂ ਆਉਂਦਾ। ਬਸ ! ਆਪਣੇ ਰਾਮ ਪ੍ਰਭੂ ਤੋਂ ਵਿਛੜਿਆ, ਜਾਂ ਤਾਂ ਪ੍ਰਾਣ ਗੁਆ ਬੈਠਦਾ ਹੈ ਜਾਂ ਬਉਰਾ ਹੋ ਜਾਂਦਾ ਹੈ – 'ਕਬੀਰ ਬਿਰਹੁ ਭੁਯੰਗਮੁ ਮਨਿ ਬਸੈ ਮੰਤੁ ਨ ਮਾਨੈ ਕੋਇ॥ ਰਾਮ ਬਿਓਗੀ ਨਾ ਜੀਐ ਜੀਐ ਤ ਬਉਰਾ ਹੋਇ॥', ਪੰਨਾ ੧੩੬੮.

**ਮੈ ਬਿਗਰੇ ਅਪਨੀ ਮਤਿ ਖੋਈ ॥ ਮੇਰੇ ਭਰਮਿ ਭੂਲਉ ਮਤਿ ਕੋਈ ॥੩॥**

**ਅਰਥ :** ਕਬੀਰ ਜੀ ਕਟਾਖ ਕਰਦੇ ਹਨ ਕਿ ਮੈਂ ਤਾਂ ਵਿਗੜ ਗਿਆ ਹਾਂ, ਆਪਣੀ ਦੁਨੀਆਂ ਦੇ ਮੋਹ ਵਾਲੀ ਮਤ ਗੁਆ ਲਈ ਹੈ। ਹੇ ਭਾਈ ! ਮੇਰੀ ਰੀਸ ਵਿਚ ਤੁਸੀਂ ਨਾ ਭੁਲਿਓ।੩।

ਕਿਉਂਕਿ ਮੇਰੇ ਵਾਂਙ ਵਿਗੜਨ ਤੇ ਦੁਨੀਆਂ ਤੋਂ ਟੁਟਣਾ ਪਏਗਾ। ਜੋ ਦੁਨੀਆਂ ਦੇ ਮਾਇਆ ਮੋਹ ਤੋਂ ਟੁਟਣਾ ਨਹੀਂ ਚਾਹੁੰਦੇ, ਉਹ ਭਗਤ ਜੀ ਦੇ ਰਸਤੇ ਤੇ ਨਾ ਤੁਰਨ, ਕਿਉਂਕਿ ਉਨ੍ਹਾਂ ਨੂੰ ਵੀ ਦੁਨੀਆਂ ਦੇ, ਪਰਿਵਾਰ ਦੇ ਤਾਹਨੇ ਮਿਹਣੇ ਸੁਣਨੇ ਪੈਂਦੇ ਹਨ, ਜਿਵੇਂ ਕਿ ਉਪਰ ਦਸਿਆ ਜਾ ਚੁਕਿਆ ਹੈ। ਪਰ ਭਗਤ ਜੀ ਇਹ ਵੀ ਸਪੱਸ਼ਟ ਕਰਦੇ ਹਨ ਕਿ ਉਹ ਕਿਹੋ ਜਿਹੇ ਵਿਗੜੇ ਹਨ। ਉਹ ਤਾਂ ਇੰਞ ਵਿਗੜੇ ਹਨ ਜਿਵੇਂ ਚੰਦਨ ਦੇ ਸੰਗਿ ਰਹਿਣ ਨਾਲ ਕੋਈ ਵੀ ਦਰੱਖਤ ਚੰਦਨ ਵਾਂਙ ਹੀ ਸੁਗੰਧਤ ਹੋ ਜਾਂਦਾ ਹੈ, ਤਾਂਬਾ ਪਾਰਸ ਦੀ ਸੰਗਤਿ ਕਰਨ ਨਾਲ ਵਿਗੜ ਕੇ ਸੋਨਾ ਬਣ ਜਾਂਦਾ ਹੈ ਇਸੇ ਤਰ੍ਹਾਂ ਉਹ ਸੰਤ ਜਨਾਂ ਦੀ ਸੰਗਤਿ ਕਰ ਕਰ ਕੇ ਅਜਿਹੇ ਵਿਗੜ ਗਏ ਹਨ ਕਿ ਰਾਮ ਹੀ ਹੋ ਨਿਬੜੇ ਹਨ – 'ਚੰਦਨ ਕੈ ਸੰਗਿ ਤਰਵਰੁ ਬਿਗਰਿਓ॥ ਸੋ ਤਰਵਰੁ ਚੰਦਨੁ ਹੋਇ ਨਿਬਰਿਓ॥ ਪਾਰਸ ਕੈ ਸੰਗਿ ਤਾਂਬਾ ਬਿਗਰਿਓ॥ ਸੋ ਤਾਂਬਾ ਕੰਚਨੁ ਹੋਇ ਨਿਬਰਿਓ॥.. ਸੰਤਨ ਸੰਗਿ ਕਬੀਰਾ ਬਿਗਰਿਓ॥ ਸੋ ਕਬੀਰੁ ਰਾਮੈ ਹੋਇ ਨਿਬਰਿਓ॥', ਪੰਨਾ ੧੧੫੮.

**ਸੋ ਬਉਰਾ ਜੋ ਆਪੁ ਨ ਪਛਾਨੈ ॥ ਆਪੁ ਪਛਾਨੈ ਤ ਏਕੈ ਜਾਨੈ ॥੪॥**

**ਅਰਥ :** ਭਗਤ ਜੀ ਫ਼ੁਰਮਾਣ ਕਰਦੇ ਹਨ ਕਿ ਸਚ ਤਾਂ ਇਹ ਹੈ ਕਿ ਅਸਲ ਬਉਰਾ ਉਹ ਹੈ ਜੋ ਆਪਣੇ ਆਪ ਨੂੰ ਨਾ ਜਾਣੇ, ਭਾਵ, ਹਉਮੈ ਨਾ ਕਰੇ। ਆਪਣੀ ਅਸਲੀਅਤ, ਮੂਲ ਨੂੰ ਪਛਾਣੇ ਕਿ ਉਹ ਜੋਤਿ ਸਰੂਪ ਹੈ, ਭਾਵ, ਵਾਹਿਗੁਰੂ ਦਾ ਹੀ ਰੂਪ ਹੈ, ਜਿਵੇਂ ਕਿ ਸ੍ਰੀ ਗੁਰੂ ਅਮਰਦਾਸ

ਪਾਤਸ਼ਾਹ ਦਾ ਫ਼ੁਰਮਾਣ ਹੈ ਕਿ ਹੇ ਮੇਰੇ ਮਨ ! ਤੂੰ ਵਾਹਿਗੁਰੂ ਦੀ ਜੋਤਿ ਦਾ ਹੀ ਹਿਸਾ ਹੈਂ, ਆਪਣੇ ਮੂਲ ਨੂੰ ਪਛਾਣਨ ਦਾ ਜਤਨ ਕਰ – 'ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥', ਪੰਨਾ ੪੪੧. ਜਦੋਂ ਤਕ ਮਨੁਖ ਆਪਣੇ ਆਪ ਨੂੰ ਕੁਝ ਸਮਝਦਾ ਹੈ ਤਦੋਂ ਤਕ ਪ੍ਰਭੂ ਨਹੀਂ ਮਿਲਦਾ ਪਰ ਪ੍ਰਭੂ ਮਿਲਾਪ ਤੋਂ ਬਾਅਦ ਆਪਣਾ ਵਜੂਦ ਖ਼ਤਮ ਹੋ ਜਾਂਦਾ ਹੈ, ਜਿਵੇਂ ਭਗਤ ਰਵਿਦਾਸ ਜੀ ਫ਼ੁਰਮਾਣ ਕਰਦੇ ਹਨ – 'ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂ ਹੀ ਮੈ ਨਾਹੀ॥', ਪੰਨਾ ੬੫੭.

**ਅਬਹਿ ਨ ਮਾਤਾ ਸੁ ਕਬਹੁ ਨ ਮਾਤਾ ॥ ਕਹਿ ਕਬੀਰ ਰਾਮੈ ਰੰਗਿ ਰਾਤਾ ॥੫॥੨॥**

**ਅਰਥ :** ਕਬੀਰ ਸਾਹਿਬ ਖ਼ਬਰਦਾਰ ਕਰ ਰਹੇ ਹਨ ਕਿ ਜੋ ਹੁਣ, ਭਾਵ, ਇਸ ਜੀਵਨ ਵਿਚ ਰਾਮ ਦੇ ਨਾਮ ਦਾ ਮਤਵਾਲਾ ਜਾਂ ਮਸਤਾਨਾ ਨਾ ਬਣਿਆਂ ਉਹ ਫ਼ਿਰ ਕਦੇ ਵੀ, ਭਾਵ, ਕਿਸੇ ਹੋਰ ਜੂਨੀ ਵਿਚ, ਇਹ ਅਤਿਅੰਤ ਜ਼ਰੂਰੀ ਕੰਮ, ਨਹੀਂ ਕਰ ਸਕੇਗਾ। ਆਪ ਜੀ ਨੇ ਦਸ ਦਿਤਾ ਹੈ ਕਿ ਆਪ ਤਾਂ **ਰਾਮ** ਦੇ ਪ੍ਰੇਮ ਰੰਗ ਵਿਚ ਰੰਗੇ ਜਾ ਚੁਕੇ ਹਨ।੫।੨।

ਇਥੇ ਭਗਤ ਜੀ ਨੇ ਸਾਫ਼ ਦਸ ਦਿਤਾ ਹੈ ਕਿ ਜਿਸ ਕਾਰਣ ਕਰ ਕੇ ਦੁਨੀਆਂ ਉਨ੍ਹਾਂ ਨੂੰ ਵਿਗੜਿਆ ਹੋਇਆ ਜਾਂ ਬਉਰਾ ਦਸ ਰਹੀ ਹੈ ਉਹ ਅਸਲ ਵਿਚ ਦੁਨੀਆਂ ਦੇ ਰੰਗ ਛਡਣ ਨਾਲ, ਰਾਮ ਨਾਮ ਦਾ ਰੰਗ ਚੜ੍ਹਣ ਕਰ ਕੇ ਕਹਿ ਰਹੀ ਹੈ, ਕਿਉਂਕਿ ਅਜਿਹਾ ਹੀ ਹੁੰਦਾ ਹੈ। ਰਾਮ ਦੇ ਨਾਮ ਦਾ ਰੰਗ ਦੁਨਿਆਵੀ ਰਸਾਂ-ਕਸਾਂ ਨੂੰ ਛਡਣ ਨਾਲ ਹੀ ਆਉਂਦਾ ਹੈ, ਜਿਵੇਂ ਕਬੀਰ ਸਾਹਿਬ ਦਾ ਫ਼ੁਰਮਾਣ ਹੈ – 'ਇਹ ਰਸ ਛਾਡੇ ਉਹ ਰਸੁ ਆਵਾ॥ ਉਹ ਰਸੁ ਪੀਆ ਇਹ ਰਸੁ ਨਹੀ ਭਾਵਾ॥' ਪੰਨਾ ੩੪੨. ਜੋ ਵੀ ਇੰਞ ਦੁਨੀਆਂ ਦੇ ਰੰਗਾਂ ਨੂੰ ਛਡ ਕੇ ਨਾਮ ਦੇ ਰੰਗ ਵਿਚ ਰੰਗਿਆ ਜਾਂਦਾ ਹੈ, ਲੋਕ ਉਸ ਨੂੰ ਬਉਰਾ, ਦਿਵਾਨਾ, ਮਸਤਾਨਾ, ਵਿਗੜਿਆ ਹੋਇਆ, ਆਦਿ ਹੀ ਕਹਿੰਦੇ ਹਨ। ਪਰ ਭਗਤ ਜੀ ਅਨੁਸਾਰ ਇਹੀ ਤਾਂ ਮਨੁਖਾ ਜੀਵਨ ਦਾ ਅਸਲ ਮਨੋਰਥ ਜਾਂ ਅੰਤਮ ਨਿਸ਼ਾਨਾ ਹੈ। ਇਸ ਲਈ ਉਹ ਅਸਲ ਵਿਚ ਗੰਭੀਰਤਾ ਨਾਲ ਸਲਾਹ ਦੇ ਰਹੇ ਹਨ ਕਿ ਦੁਨੀਆਂ ਦੀਆਂ ਰੰਗ-ਰਲੀਆਂ ਤਿਆਗ ਕੇ ਰਾਮ ਦੇ ਨਾਮ ਦੇ ਮਤਵਾਲੇ ਬਣ ਜਾਈਏ ਅਤੇ ਆਪਣੇ ਜੀਵਨ ਦੇ ਲਖ਼ਸ਼ ਨੂੰ ਹਾਸਲ ਕਰ ਲਈਏ।

